**ਡਾਇਰੈਕਟੋਰੇਟ, ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ, ਪੰਜਾਬ**
**ਐਸ.ਸੀ.ਐਫ.ਨੰ: 07, ਫੇਜ਼-1, ਐਸ.ਏ.ਐਸ.ਨਗਰ (ਮੋਹਾਲੀ)**

ਸੇਵਾ ਵਿਖੇ,

ਸਟੇਟ ਇਨਫਰਮੈਟਿਕਸ ਅਫਸਰ,
ਪੰਜਾਬ।

ਮੀਮੋ ਨੰ. ਸ-17/
ਮਿਤੀ: 2 -11-2020

ਵਿਸ਼ਾ:- **ਡਾ.ਬੀ.ਆਰ.ਅੰਬੇਦਕਰ ਐਸ.ਸੀ. ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਤੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਫਾਰ ਓ.ਬੀ.ਸੀ. ਸਕੀਮਾਂ ਤਹਿਤ ਸਾਲ 2020-21 ਵਾਸਤੇ ਅਪਲਾਈ ਕਰਨ ਲਈ ਪੋਰਟਲ ਸ਼ੁਰੂ ਕਰਨ ਬਾਰੇ।**

ਆਪ ਜੀ ਨੂੰ ਮਿਤੀ 27-10-2020 ਨੂੰ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੀ ਗਈ ਨਵੀਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਫਾਰ ਐਸ.ਸੀ. ਡਾਕਟਰ ਬੀ.ਆਰ.ਅੰਬੇਦਕਰ ਐਸ.ਸੀ. ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਦੀ ਕਾਪੀ ਭੇਜ ਕੇ ਬੇਨਤੀ ਕੀਤੀ ਗਈ ਸੀ ਕਿ ਮਿਤੀ 26-11-2020 ਤੋਂ ਪੋਰਟਲ ਸ਼ੁਰੂ ਕਰਨ ਦਾ ਪਲਾਨ ਹੈ। ਆਪ ਜੀ ਨਾਲ ਮਿਤੀ 17-11-2020 ਨੂੰ ਸਮੂਹ ਲਾਗੂ ਕਰਤਾ ਵਿਭਾਗਾਂ ਦੇ ਨੁਮਾਇੰਦਿਆਂ ਨਾਲ ਹੋਈ ਮੀਟਿੰਗ ਜਿਸ ਵਿੱਚ ਆਪ ਜੀ ਦੇ ਵਿਭਾਗ ਦਾ ਨੁਮਾਇੰਦਾ ਵੀ ਹਾਜਰ ਸੀ, ਵਿੱਚ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਇਸ ਗੱਲ ਦਾ ਭਰੋਸਾ ਦਿਵਾਇਆ ਗਿਆ ਸੀ ਕਿ ਮਿਤੀ 26-11-2020 ਤੋਂ ਸਾਲ 2020-21 ਵਾਸਤੇ ਦਰਖਾਸਤਾਂ ਲੈਣ ਲਈ ਪੋਰਟਲ ਚਾਲੂ ਕਰ ਦਿੱਤਾ ਜਾਵੇਗਾ ਅਤੇ ਆਪ ਜੀ ਵੱਲੋਂ ਨਵੀਂ ਐਸ.ਸੀ. ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਡਾਕਟਰ ਬੀ.ਆਰ.ਅੰਬੇਦਕਰ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਦੀ ਪ੍ਰੋਵੀਜ਼ਨਜ਼ ਅਨੁਸਾਰ ਪੋਰਟਲ ਵਿੱਚ ਲੋੜੀਂਦੀ ਸੋਧ ਵੀ ਕਰ ਦਿੱਤੀ ਜਾਵੇਗੀ।

ਹੁਣ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਮਿਤੀ 26-11-2020 ਤੋਂ ਸਾਲ 2020-21 ਵਾਸਤੇ ਇਸ ਪੋਰਟਲ ਨੂੰ ਨਵੀਂ ਪ੍ਰੋਵੀਜ਼ਨਜ਼ ਅਨੁਸਾਰ ਸੋਧ ਕਰਕੇ ਡਾ.ਬੀ.ਆਰ.ਅੰਬੇਦਕਰ ਐਸ.ਸੀ. ਪੋਸਟ ਮੈਟ੍ਰਿਕ ਸਕਾਲਰਸ਼ਿਪ ਅਤੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਓ.ਬੀ.ਸੀ. ਵਾਸਤੇ ਸ਼ੁਰੂ ਕਰ ਦਿੱਤਾ ਜਾਵੇ। ਇਸ ਵਿੱਚ ਵੱਖ ਵੱਖ ਲੈਵਲ ਤੇ ਡੀਲ ਕਰਨ ਲਈ ਜੋ ਟਾਈਮ ਟੇਬਲ ਬਣਾਇਆ ਗਿਆ ਹੈ ਉਹ ਹੇਠ ਅਨੁਸਾਰ ਹੈ:-

| Activity schedule 2020-21 | | |
|---|---|---|
| 1. | Opening of portal | 26 November 2020 |
| 2. | The last date for submission of online applications by the students (fresh& Renewal cases) to the Institutes. | 04 January 2021 |
| 3. | The last date for Institute to send the online Proposals to the approving authority/Sanctioning authority. | 22 January 2021 |
| 4. | The last date .or the approving authority to send online proposals to line departments/ Sanctioning department for scholarship. | 22 February, 2021 |
| 5. | The last date for line departments/sanctioning departments to send online proposals to welfare department for Scholarship. | 15 March, 2021 |
| 6. | Portal will be closed on 15 March. 2021 at 10.00 PM | |

ਡਾਇਰੈਕਟਰ

ਪਿੱਠ ਅੰਕਣ ਨੰ. ਸ-17/18637-643 ਮਿਤੀ,ਐਸ.ਏ.ਐਸ.ਨਗਰ 25-11-2020

ਉਪਰੋਕਤ ਦਾ ਉਤਾਰਾ ਸਮੂਹ ਲਾਗੂ ਕਰਤਾ ਵਿਭਾਗਾਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਮਿਤੀ 26-11-2020 ਤੋਂ ਪੋਰਟਲ ਸ਼ੁਰੂ ਕੀਤਾ ਜਾ ਰਿਹਾ ਹੈ। ਇਸ ਲਈ ਸਮੂਹ ਸੰਸਥਾਵਾਂ ਨੂੰ ਇਸ ਬਾਰੇ ਸੂਚਿਤ ਕਰ ਦਿੱਤਾ ਜਾਵੇ ਅਤੇ ਆਪ ਦੇ ਪੱਧਰ ਤੇ ਵੀ ਜੋ ਕਦਮ ਚੁੱਕੇ ਜਾਣੇ ਹਨ ਉਹ ਵੀ ਚੁੱਕੇ ਜਾਣ।

ਡਾਇਰੈਕਟਰ

Scanned with CamScanner

**ਡਾਇਰੈਕਟੋਰੇਟ**
**ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ**
**ਐਸ.ਸੀ.ਓ. ਨੰ: 7, ਫੇਜ–1, ਐਸ.ਏ.ਐਸ.ਨਗਰ।**

ਸੇਵਾ ਵਿਖੇ,

1) ਡਾਇਰੈਕਟਰ, ਡੀ.ਪੀ.ਆਈ. (ਕ), ਐਸ.ਏ.ਐਸ.ਨਗਰ।
2) ਡਾਇਰੈਕਟਰ, ਡੀ.ਪੀ.ਆਈ. (ਸ), ਐਸ.ਏ.ਐਸ.ਨਗਰ।
3) ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ ਵਿਭਾਗ, ਐਸ.ਏ.ਐਸ. ਨਗਰ।
4) ਡਾਇਰੈਕਟਰ, ਪਸ਼ੂ ਪਾਲਣ ਵਿਭਾਗ, ਐਸ.ਏ.ਐਸ.ਨਗਰ।
5) ਡਾਇਰੈਕਟਰ, ਐਸ.ਸੀ.ਈ.ਆਰ.ਟੀ. ਵਿਭਾਗ, ਐਸ.ਏ.ਐਸ.ਨਗਰ।
6) ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ (ਇੰਜ. ਐਂਡ ਪੌਲੀ. ਵਿੰਗ), ਐਸ.ਏ.ਐਸ.ਨਗਰ।
7) ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ (ਆਈ.ਟੀ.ਆਈ. ਵਿੰਗ), ਐਸ.ਏ.ਐਸ.ਨਗਰ।

ਮੀਮੋ ਨੰ: ਸ–17/18782-788
ਮਿਤੀ: ਐਸ.ਏ.ਐਸ.ਨਗਰ/26/11/2020

ਵਿਸ਼ਾ: ਡਾ. ਬੀ. ਆਰ. ਅੰਬੇਦਕਰ ਪੋਰਟਲ ਖੋਲਣ/ ਵੱਖ-ਵੱਖ ਅਖ਼ਬਾਰਾਂ ਵਿੱਚ ਪ੍ਰਕਾਸ਼ਿਤ ਇਸ਼ਤਿਹਾਰ ਸਬੰਧੀ (ਸਾਲ 2020-21)।

****

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਡਾ.ਬੀ.ਆਰ.ਅੰਬੇਦਕਰ ਐਸ.ਸੀ. ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਤੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਓ.ਬੀ.ਸੀ. ਸਕੀਮ ਅਧੀਨ ਡਾ. ਅੰਬੇਦਕਰ ਪੋਰਟਲ ਤੇ ਆਨਲਾਈਨ ਅਪਲਾਈ ਕਰਨ ਲਈ ਪੋਰਟਲ ਵਿਦਿਆਰਥੀਆਂ, ਵਿੱਦਿਅਕ ਸੰਸਥਾਵਾਂ, ਸੈਂਕਸ਼ਨਿੰਗ ਅਥਾਰਿਟੀਆਂ ਅਤੇ ਸਮੂਹ ਲਾਗੂਕਰਤਾ ਵਿਭਾਗਾਂ ਲਈ (ਸਾਲ 2020-21) ਖੋਲ੍ਹਿਆ ਜਾ ਚੁੱਕਾ ਹੈ। ਇਸ ਸਬੰਧੀ ਵੱਖ-ਵੱਖ ਅਖ਼ਬਾਰਾਂ ਵਿੱਚ ਮਿਤੀ 26.11.2020 ਨੂੰ ਇਸ਼ਤਿਹਾਰ ਦਿੱਤਾ ਗਿਆ ਹੈ (ਕਾਪੀ ਨੱਥੀ)। ਇਸ ਲਈ ਆਪਣੇ ਅਧੀਨ ਆਉਂਦੀਆਂ ਸਮੂਹ ਵਿਦਿਅਕ ਸੰਸਥਾਵਾਂ ਨੂੰ ਸਕੀਮ ਦੀਆਂ ਗਾਈਡਲਾਈਨਜ਼ ਅਨੁਸਾਰ ਕਾਰਵਾਈ ਕਰਨ ਲਈ ਆਦੇਸ਼ ਦਿੱਤੇ ਜਾਣ ਜੀ।

2. ਉਪਰੋਕਤ ਤੋਂ ਇਲਾਵਾ ਆਪ ਦੇ ਵਿਭਾਗ ਨਾਲ ਸਬੰਧਤ ਨੋਡਲ ਅਫ਼ਸਰ (ਪੀ.ਐਮ.ਐਸ.) ਦਾ ਨਾਮ, ਮੋਬਾਇਲ ਨੰਬਰ ਅਤੇ ਈ-ਮੇਲ ਇਸ ਵਿਭਾਗ ਨੂੰ ਭੇਜਣ ਦੀ ਖੇਚਲ ਕੀਤੀ ਜਾਵੇ ਜੀ।

ਨੱਥੀ : ਉਕਤ ਅਨੁਸਾਰ।

ਸੰਯੁਕਤ ਡਾਇਰੈਕਟਰ (ਸ)

Scanned with CamScanner

# ਡਾਇਰੈਕਟੋਰੇਟ
## ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ
### ਐਸ.ਸੀ.ਓ. 7, ਫੇਜ਼-1, ਐਸ.ਏ.ਐਸ. ਨਗਰ।

ਡੀ.ਆਰ. ਅੰਬੇਦਕਰ ਐਸ.ਸੀ. ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਤੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਓ.ਬੀ.ਸੀ. ਸਕੀਮਾਂ ਅਧੀਨ ਡ
ਰ ਪੋਰਟਲ ਤੇ ਆਨਲਾਈਨ ਅਪਲਾਈ ਕਰਨ ਸਬੰਧੀ।

ਈ ਕਰਨ ਲਈ ਪਾਤਰਤਾ:

ਾ ਬੀ.ਆਰ. ਅੰਬੇਦਕਰ ਐਸ.ਸੀ. ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਪੰਜਾਬ ਰਾਜ ਦੇ ਬੋਨਾਫਾਈਡ ਅਨੁਸੂਚਿਤ ਜਾਤੀ ਦੇ ਵਿਦਿਆ ਨ੍ਹਾਂ ਦੇ ਮਾਤਾ-ਪਿਤਾ/ਸਰਪ੍ਰਸਤਾਂ ਦੀ ਸਾਲਾਨਾ ਆਮਦਨ 2.50 ਲੱਖ ਰੁਪਏ ਤੋਂ ਘੱਟ ਹੋਵੇ, ਦਸਵੀਂ ਤੋਂ ਬਾਅਦ ਵੱਖ-ਵੱਖ ਕੋਰਸਾਂ ਲਈ ਪੰਜਾਬ ਚੰਡੀਗੜ੍ਹ ਵਿਚ ਉਚੇਰੀ ਵਿੱਦਿਆ ਲੈਣ ਲਈ ਵਜ਼ੀਫੇ ਦੇ ਯੋਗ ਹਨ।

ਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਓ.ਬੀ.ਸੀ. ਪੰਜਾਬ ਰਾਜ ਦੇ ਬੋਨਾਫਾਈਡ ਅਧੀਨ ਪਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀ, ਜਿਨ੍ਹਾਂ ਦੇ ਮ ਪਿਤਾ/ਸਰਪ੍ਰਸਤਾਂ ਦੀ ਸਾਲਾਨਾ ਆਮਦਨ 1.50 ਲੱਖ ਰੁਪਏ ਤੋਂ ਘੱਟ ਹੋਵੇ, ਦਸਵੀਂ ਤੋਂ ਬਾਅਦ ਵੱਖ-ਵੱਖ ਕੋਰਸਾਂ ਲਈ ਭਾਰਤ ਵਿਚ ਉ ਵਿੱਦਿਆ ਲੈਣ ਲਈ ਵਜ਼ੀਫੇ ਦੇ ਯੋਗ ਹਨ।

ਨਾਂ ਵਿਦਿਆਰਥੀਆਂ ਤੋਂ ਆਨਲਾਈਨ ਅਰਜ਼ੀਆਂ ਪ੍ਰਾਪਤ ਕਰਨ ਲਈ ਭਲਾਈ ਵਿਭਾਗ ਵਲੋਂ ਵੈਬਸਾਈਟ www.scholarsh unjab.gov.in ਤੇ ਡਾ. ਅੰਬੇਦਕਰ ਸਕਾਲਰਸ਼ਿਪ ਪੋਰਟਲ ਮਿਤੀ 26.11.2020 ਤੋਂ ਚਾਲੂ ਹੋਵੇਗਾ, ਜਿਸ ਅਨੁਸਾਰ ਸ਼ਡਿਊਲ ਤੈਅ ਕੀਤਾ ਗਿਆ ਹੈ ਜੋ ਨਿਮਨ ਲਿਖਤ ਅਨੁਸਾਰ ਹੈ:

TIVITY SCHEDULE 2020-21

| | |
|---|---|
| )pening of portal | 26 November 2020 |
| he last date for submission of online applications by the students (Fresh & Renewal) to the Institutes | 04 January 2021 |
| he last date for Institute to forward complete cases after corrections to the pproving authority/sanctioning authorities | 22 January 2021 |
| he last date for the approving authority to send online proposals to line departments/sanctioning departments for scholarship | 22 February 2021 |
| he last date for line departments/sanctioning departments to send online proposals to welfare department for the scholarship | 15 March 2021 |

PORTAL WILL BE CLOSED ON 15 March 2021 AT 10.00 PM

ਵਿਧੀ:

ਵਿਦਿਆਰਥੀਆਂ ਵਲੋਂ ਅਪਲਾਈ ਕਰਨ ਤੋਂ ਪਹਿਲਾਂ ਪੋਰਟਲ ਤੇ ਰਜਿਸਟਰ ਕਰਨ ਲਈ ਉਸ ਦਾ ਆਧਾਰ ਨੰਬਰ ਹੋਣਾ ਜ਼ਰੂਰੀ ਹੈ। ਗਲਤ ਆ ਨੰਬਰ ਤੇ ਵਿਦਿਆਰਥੀ ਪੋਰਟਲ ਤੇ ਰਜਿਸਟਰ ਨਹੀਂ ਕਰ ਸਕਦਾ। ਵਿਦਿਆਰਥੀ ਇਕ ਤੋਂ ਵੱਧ ਨੰਬਰਾਂ ਵਿਚ ਰਜਿਸਟਰ/ਅਪਲਾਈ ਨ ਕਰ ਸਕਦਾ।

ਜ਼ਰੂਰੀ:

ਵਿਦਿਆਰਥੀ ਵਲੋਂ ਆਨਲਾਈਨ ਅਪਲਾਈ ਕਰਦੇ ਸਮੇਂ ਹਸਤਾਖਰਸ਼ੁਦਾ ਨਿਰਧਾਰਤ ਅੰਡਰਟੇਕਿੰਗ ਸਮੇਤ ਫੋਟੋ, ਜਾਤੀ ਸਰਟੀਫਿ ਤਹਿਸੀਲਦਾਰ ਵਲੋਂ ਜਾਰੀ ਆਮਦਨ ਸਰਟੀਫਿਕੇਟ ਅਪਲੋਡ ਕੀਤੇ ਜਾਣਗੇ।

Income declaration of self employed parents/guardian should be in the form of a certificate issued by Reven Officer not below the rank of Tehsildar. Employed parents/guardians are required to obtain income certific from their employer. Employed parents/guardians should obtain consolidated certificate from Revenue Offi for any other additional source of Income.

ਵਿੱਦਿਅਕ ਸੰਸਥਾ ਵਲੋਂ ਅਰਜ਼ੀਆਂ ਫਾਰਵਰਡ ਕਰਦੇ ਸਮੇਂ ਹਸਤਾਖਰਸ਼ੁਦਾ ਨਿਰਧਾਰਤ ਅੰਡਰਟੇਕਿੰਗ ਵੀ ਅਪਲੋਡ ਕੀਤੀ ਜਾਵੇਗੀ।

ਨਿੰਗ ਅਥਾਰਿਟੀ:

+1, +2 ਡਾਇਟ, ਆਈ.ਟੀ.ਆਈ. ਤ੍ਰ, ਨਰਸਿੰਗ, ਪੈਰਾ ਮੈਡੀਕਲ (ਸਰਕਾਰੀ/ਪ੍ਰਾਈਵੇਟ) ਲਈ ਜ਼ਿਲ੍ਹਾ ਸਿੱਖਿਆ ਅਫ਼ਸਰ (ਸ), ਸਬੰਧਤ ਸੰ (ਸਰਕਾਰੀ/ਪ੍ਰਾਈਵੇਟ) ਦਾ ਮੁਖੀ ਅਤੇ ਤਹਿਸੀਲ ਭਲਾਈ ਅਫ਼ਸਰ ਤੇ ਆਧਾਰਤ ਸੈਂਕਸ਼ਨਿੰਗ ਅਥਾਰਿਟੀ ਗਠਿਤ ਕੀਤੀ ਗਈ ਹੈ।

ਡਿਗਰੀ ਕਾਲਜਾਂ, ਨਾਨ-ਟੈਕਨੀਕਲ, ਟੈਕਨੀਕਲ, ਪੌਲੀਟੈਕਨਿਕ, ਮੈਡੀਕਲ, ਮੈਨੇਜਮੈਂਟ ਅਤੇ ਯੂਨੀਵਰਸਿਟੀਆਂ (ਸਰਕਾਰੀ/ਪ੍ਰਾਈਵੇਟ) ਸਬੰਧਤ ਉਪ ਮੰਡਲ ਮੈਜਿਸਟਰੇਟ, ਸਬੰਧਤ ਸੰਸਥਾ (ਸਰਕਾਰੀ/ਪ੍ਰਾਈਵੇਟ) ਦਾ ਮੁਖੀ/ਯੂਨੀਵਰਸਿਟੀ ਦਾ ਨੁਮਾਇੰਦਾ ਅਤੇ ਤਹਿਸੀਲ ਭਲ ਅਫ਼ਸਰ ਤੇ ਆਧਾਰਤ ਸੈਂਕਸ਼ਨਿੰਗ ਅਥਾਰਿਟੀ ਗਠਿਤ ਕੀਤੀ ਗਈ ਹੈ।

ਥ:

ਜੇਕਰ ਕਿਸੇ ਵਿਦਿਆਰਥੀ ਨੂੰ ਆਨਲਾਈਨ ਅਪਲਾਈ ਕਰਨ ਵਿਚ ਮੁਸ਼ਕਿਲ ਪੇਸ਼ ਆਉਂਦੀ ਹੈ, ਤਾਂ ਵਿਦਿਆਰਥੀ ਤਕਨੀਕੀ ਸਿੱਖਿਆ ਉਦਯੋਗਿਕ ਸਿਖਲਾਈ, ਉਚੇਰੀ ਸਿੱਖਿਆ, ਖੋਜ ਅਤੇ ਮੈਡੀਕਲ ਸਿੱਖਿਆ ਅਤੇ ਪਸ਼ੂ ਪਾਲਣ ਵਿਭਾਗ ਦੇ ਨੋਡਲ ਅਫ਼ਸਰ, ਜਿਨ੍ਹਾਂ ਦੀ ਪੋਰਟਲ ਹੈਲਪਡੈਸਕ ਤੇ ਕੰਟੈਕਟ ਨੰਬਰ ਡਿਸਪਲੇਅ ਹਨ, ਨਾਲ ਸੰਪਰਕ ਕਰ ਸਕਦੇ ਹਨ।

ਸਹੀ/- ਡਾਇਰੈਕਟ
ਸਮਾਜਿਕ ਨਿਆਂ, ਅਧਿਕਾਰਤਾ ਅ

Scanned with CamScanner